## ਦਸਮੇਸ਼ ਇਨਸਟੀਚਿਊਟ ਆਫ ਰਿਸਰਚ ਐਡ ਡੈਂਟਲ ਸਾਇੰਸਜ਼, ਫਰੀਦਕੋਟ

## ਮਿਤੀ 01.04.2017 ਤੂੰ 31.03.2018 ਤੱਕ ਲਈ ਕੰਟੀਨ ਚਲਾਉਣ ਦਾ ਇਕਰਾਰਨਾਮਾ

1 ਉਕਤ ਕੰਟੀਨ ਚਲਾਉਣ ਲਈ ਲਾਸੰਸਦਾਤਾ ਲਸੰਸੀ ਨੂੰ ਮਿਤੀ 01.04.2017 ਤੋ 31.03.2018 ਤੱਕ ਕਮਰਾ, ਲੋੜੀਦਾ ਫਰਨੀਚਰ ਅਤੇ ਬਿਜਲੀ/ਪਾਣੀ ਜੋ ਪਹਿਲੇ ਹੀ ਕੰਟੀਨ ਵਿੱਚ ਉਪਲੱਬਧ ਹਨ, ਪਰਦਾਨ ਕਰੇਗਾ। ਬਿਜਲੀ/ਪਾਣੀ ਦਾ ਖਰਚਾ ਲਸੰਸੀ ਬਿਜਲੀ/ਪਾਣੀ ਦੀ ਖਪਤ ਅਨੁਸਾਰ ਅਦਾ ਕਰੇਗਾ।

2 ਲਸੰਸੀ ਚਾਹ, ਦੁੱਧ, ਠੰਡਾ, ਸਨੈਕਸ, ਫਾਸਟ ਫੂਡ ਆਦਿ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਨਿਰਧਾਰਤ ਦਰਾਂ ਤੇ ਕਾਲਿਜ ਖੁਲਣ ਦੇ ਸਾਰੇ ਸਮੇ ਦੋਰਾਨ ਪ੍ਰਦਾਨ ਕਰੇਗਾ।

3 ਲਸੰਸੀ 20000 ਰੁਪਏ ਪ੍ਰਤੀ ਮਹੀਨਾਂ ਲਸੰਸਦਾਤਾ ਨੂੰ ਲਸੰਸ ਦੀ ਫੀਸ ਵਜੋ, 500 ਰੁਪਏ ਪ੍ਰਤੀ ਮਹੀਨਾ ਕੂੜਾ ਕਰਕਟ ਉਠਾਣ ਦਾ ਖਰਚਾ ਅਤੇ 200 ਰੁਪਏ ਪ੍ਰਤੀ ਮਹੀਨਾ ਪਾਣੀ ਦਾ ਖਰਚਾ ਹਰ ਮਹੀਨੇ ਦੀ 10 ਤਰੀਕ ਤੱਕ ਅਡਵਾਂਸ ਜਮਾਂ ਕਰਵਾਏ ਜਾਣੇ ਜਰੂਰੀ ਹੋਣਗੇ। ਸਮੇ ਸਿਰ ਕਿਸ਼ਤ ਦੀ ਰਕਮ ਨਾ ਭਰੀ ਜਾਣ ਤੇ ਲਸੰਸਦਾਤਾ ਨੂੰ ਲਸੰਸੀ ਤੋ ਕੰਟੀਨ ਖਾਲੀ ਕਰਾਉਣ ਦਾ ਅਤੇ ਹੋਰ ਵਿਅਕਤੀ ਨੂੰ ਕੰਟੀਨ ਦੇਣ ਦਾ ਅਧਿਕਾਰ ਹੋਵੇਗਾ।

4 ਲਸੰਸੀ 20000 ਰੁਪਏ ਸਕਿਊਰਟੀ ਵਜੋ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਉਸਨੂੰ ਸਾਲ ਦੇ ਅੰਤ ਤੇ ਬਿਨਾਂ ਵਿਆਜ ਅਦਾਇਗੀ ਯੋਗ ਹੋਵੇਗੀ। ਕਿਸੇ ਕਿਸਮ ਦੀ ਕੁਤਾਹੀ ਜਾਂ ਵਸਤੂਆਂ ਵਿੱਚ ਘਟੀਆਂਪਨ ਪਾਇਆ ਜਾਣ ਤੇ ਲਸੰਸੀ ਨੂੰ ਲਸੰਸਦਾਤਾ ਵਲੋ ਜੁਰਮਾਨਾਂ ਕੀਤਾ ਜਾ ਸਕੇਗਾ ਜੋ ਇਸ ਸਕਿਊਰਟੀ ਦੀ ਰਕਮ ਵਿਚੋ ਕਟੌਤੀ ਕਰਕੇ ਵਸੂਲਿਆ ਜਾ ਸਕੇਗਾ।

5 ਸਾਰੀਆਂ ਵਸਤੂਆਂ ਕੰਟੀਨ/ਮੈਸ ਵਿੱਚ ਹੀ ਤਿਆਰ ਕੀਤੀਆਂ ਜਾਣਗੀਆਂ। ਕੋਈ ਵੀ ਬਜਾਰ ਵਿੱਚੋ ਲਿਆਂਦੀ ਜਾਂ ਬਾਸੀ ਵਸਤੂ ਗਰਮ ਕਰਕੇ ਨਹੀ ਵਰਤਾਈ ਜਾਵੇਗੀ।

6 ਕਾਲਜ ਦੇ ਅੰਧਿਕਾਰੀਆਂ/ਕਰਮਚਾਰੀਆਂ ਵੱਲੋ ਮੰਗਾਈ ਗਈ ਵਸਤੂ ਅਧਿਕਾਰੀ/ਕਰਮਚਾਰੀ ਦੀ ਸੀਟ ਤੇ ਪੁਜਦੀ ਕਰਨਾਂ ਲਸੰਸੀ ਦੀ ਜਿੰਮੇਵਾਰੀ ਹੋਵੇਗੀ।

7 ਲਸੰਸੀ ਕੰਟੀਨ/ਮੈਸ, ਬਰਤਨ, ਵਸਤੂ ਅਤੇ ਆਪਦੇ ਕਰਮਚਾਰੀਆਂ ਦੀ ਸਫਾਈ ਦਾ ਖਾਸ ਧਿਆਨ ਰੱਖੇਗਾ। ਉਸਦੇ ਅਤੇ ਉਸਦੇ ਕਰਮਚਾਰੀਆਂ ਦੇ ਪਹਿਨੇ ਬਸਤਰ ਸਵੱਛ ਅਤੇ ਉਜਲ ਹੋਣਗੇ।

8 ਕਾਲਜ ਵਿੱਚ ਹੋਣ ਵਾਲੇ ਖਾਸ ਸਮਾਗਮਾਂ ਲਈ ਖਾਣ ਪੀਣ ਆਦਿ ਦਾ ਸਾਰਾ ਪ੍ਰਬੰਧ ਕਾਲਿਜ ਆਧਿਕਾਰੀਆਂ ਦੀ ਇੱਛਾ ਅਨੁਸਾਰ ਲਸੰਸੀ ਨੇ ਕਰਨਾਂ ਹੋਵੇਗਾ। ਇਹਨਾਂ ਤੇ ਹੋਣ ਵਾਲਾ ਖਰਚਾ ਵਾਜਬ ਦਰਾਂ ਤੇ ਲਸੰਸੀ ਨੂੰ ਲਸੰਸਦਾਤਾ ਅਦਾ ਕਰੇਗਾ।

9 ਕਾਲਜ ਵੱਲੋ ਅਦਾ ਕੀਤੇ ਜਾਣ ਵਾਲੇ ਖਰਚੇ ਦੀ ਵਸਤੂ ਸਮਰੱਥ ਅਧਿਕਾਰੀ ਦੀ ਚਿੱਟ ਤੇ ਹੀ ਲਸੰਸੀ ਪਰਦਾਨ ਕਰੇਗਾ। ਬਿਨਾਂ ਸਮਰੱਥ ਅਧਿਕਾਰੀ ਦੀ ਚਿੱਟ ਤੋ ਪਰਦਾਨ ਕੀਤੀ ਗਈ ਵਸਤੂ ਦੀ ਕੀਮਤ ਕਾਲਜ ਵੱਲੋ ਅਦਾ ਨਹੀ ਕੀਤੀ ਜਾਵੇਗੀ।

10 ਲਸੰਸੀ ਵੱਲੋ ਵਿਦਿਆਰਥੀਆਂ ਆਦਿ ਨੂੰ ਉਧਾਰ ਦਿੱਤੀਆਂ ਗਈਆਂ ਵਸਤੂਆਂ ਦੀ ਰਕਮ ਦੀ ਵਸੂਲੀ ਦਾ ਲਸੰਸਦਾਰ ਜਿੰਮੇਵਾਰ ਨਹੀ ਹੋਵੇਗਾ।

11 ਲਸੰਸ ਦੀ ਮਿਆਦ ਪੂਰੀ ਹੋਣ ਤੇ ਲਸੰਸੀ ਲਸੰਸਦਾਤਾ ਦੀ ਥਾਂ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਉਸਨੂੰ ਬੇਦਖਲ ਕਰਨ ਲਈ ਕਿਸੇ ਹੋਰ ਨੋਟਿਸ ਦੇਣ ਦੀ ਲੋੜ ਨਹੀ ਹੋਵੇਗੀ।

ਪ੍ਰਿੰਸੀਪਲ

ਦਸਮੇਸ਼ ...ਚਿਊਟ ਆਫ

... ਡੈਂਟਲ ਸਾਇੰਸਜ਼

F...

ਨਰੇਸ਼ ਕੁਮਾਰ ,

ਫਰੀਦਕੋਟ